International Journal for Multidisciplinary Research (IJFMR)

E-ISSN: 2582-2160 ● Website: www.ijfmr.com ● Email: editor@ijfmr.com

# ਪੰਜਾਬੀ ਭਾਸ਼ਾ ਵਿੱਚ ਆ ਰਹੇ ਪਰਿਵਰਤਨਾਂ ਵਿੱਚ ਸੰਚਾਰ ਸਾਧਨਾਂ ਦੀ ਭੂਮਿਕਾ (ਭਾਸ਼ਾ ਦੇ ਪ੍ਰਸੰਗ ਵਿੱਚ)

**ਅਮਓਰਜਟਿ ਖਓਰ**

ਅਸਸਸਿਟਓਨਟ ਫਰੋਡਏਸਸੋਰ ਫੁਨਜਓਬਿ

**ਭੂਮਿਕਾ** – ਤਕਨਾਲੋਜ਼ੀ ਦੇ ਇਸ ਯੁੱਗ ਵਿੱਚ ਹਰੇਕ ਵਿਅਕਤੀ ਇੱਕ ਦੂਜੇ ਦੇ ਨੇੜੇ ਆ ਗਿਆ ਹੈ।ਸੰਚਾਰ ਦੇ ਸਾਧਨਾ ਕਰਕੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਵਿੱਚ ਆਪਸੀ ਸਾਂਝ ਤੇ ਮਿਲਵਰਤਣ ਵਧਿਆ ਹੈ ਤੇ ਇਸ ਮਿਲਵਰਤਨ ਦੇ ਪ੍ਰਭਾਵ ਕਰਕੇ ਪੰਜਾਬੀ ਭਾਸ਼ਾ ਵਿੱਚ ਵੀ ਢੇਰ ਸਾਰਾ ਪਰਿਵਰਤਨ ਦੇਖਣ ਨੂੰ ਮਿਲ ਰਿਹਾ ਹੈ।

**ਕੀ-ਵਰਡਸ** – ਪੰਜਾਬੀ ਭਾਸ਼ਾ, ਭਾਸ਼ਾ ਪਰਿਵਰਤਨ, ਸੰਚਾਰ ਸਾਧਨ ਤੇ ਭਾਸ਼ਾ, ਪੰਜਾਬੀ ਦਾ ਸੱਭਿਆਚਾਰ ਨਾਲ ਸਬੰਧ।

**ਜਾਣ-ਪਛਾਣ** – ਮਨੋਵਿਗਿਆਨੀਆਂ ਨੇ ਮਨੁੱਖ ਦੀਆਂ ਕਈ ਮੂਲ ਪ੍ਰਵਿਰਤੀਆਂ ਮੰਨੀਆਂ ਹਨ ਜੋ ਪ੍ਰਾਣੀ ਵਿੱਚ ਜਨਮ ਤੋਂ ਹੀ ਪਾਈਆਂ ਜਾਂਦੀਆਂ ਹਨ। ਪ੍ਰਸਿੱਧ ਮਨੋਵਿਗਿਆਨੀ ਮੈਕਡਿਊਲ ਨੇ ਇਨ੍ਹਾਂ ਦੀ ਗਿਣਤੀ 13 ਮੰਨੀ ਹੈ ਜਿਨ੍ਹਾਂ ਵਿੱਚ ਭੁੱਖ, ਕਾਮ, ਭੈਅ, ਵਾਤਸਲ ਆਦਿ ਹਨ। ਇਨ੍ਹਾਂ 13 ਵਿੱਚੋਂ ਹੀ ਇੱਕ ਹੈ ਜਗਿਆਸਾ ਭਾਵ ਆਪਣੇ ਆਲੇ-ਦੁਆਲੇ ਬਾਰੇ ਸੁਚੇਤ ਰੂਪ ਵਿੱਚ ਜਾਣਕਾਰੀ ਪ੍ਰਾਪਤ ਕਰਨ ਦੀ ਭੁੱਖ। ਮਨੁੱਖ ਦੀ ਸੰਚਾਰ ਲੋ ੜਇਸ ਜਗਿਆਸਾ ਦੀ ਮੂਲ ਪ੍ਰਵਿਰਤੀ ਦਾ ਹੀ ਨਤੀਜਾ ਹੈ ਅਤੇ ਮਡਿੀਆ ਇਸ ਜਗਿਆਸਾ ਭੁੱਖ ਦੀ ਤ੍ਰਿਪਤੀ ਕਰਨ 'ਚ ਵਿਸ਼ੇਸ਼ ਯੋਗਦਾਨ ਨਿਭਾਉਂਦਾ ਹੈ। ਸੰਚਾਰ ਦਾ ਉਦੇਸ਼ ਜਗਿਆਸਾ ਭੁੱਖ ਪੂਰੀ ਕਰਨ ਤੋਂ ਬਿਨਾਂ ਵਿਕਸਤ ਰੂਪ ਵਿੱਚ ਨਵੀਂ ਜਾਣਕਾਰੀ ਅਤੇ ਨਵੇਂ ਗਿਆਨ ਦਾ ਅਦਾਨ-ਪ੍ਰਦਾਨ ਵੀ ਹੈ। ਅੱਜ ਸੰਚਾਰ ਵਿਧੀਆਂ ਬਹੁਤ ਹੀ ਵਿਕਸਤ ਰੂਪ ਵਿੱਚ ਸਾਡੇ ਸਾਹਮਣੇ ਹਨ, ਜਿਨ੍ਹਾਂ ਵਿੱਚੋਂ ਸਮਾਚਾਰ ਪੱਤਰ, ਰੇਡਿਓ, ਟੈਲੀਵਿਜ਼ਨ, ਇੰਟਰਨੈਟ, ਮੋਬਾਇਲ ਅਤੇ ਬਿਜਲੀ ਸਾਧਨਾਂ ਨੂੰ ਅਸੀਂ ਆਧੁਨਿਕ ਸੰਚਾਰ ਸਾਧਨ (ਮੀਡੀਆ) ਕਹਿ ਸਕਦੇ ਹਾਂ। ਅੱਜ ਇਹ ਸਾਧਨ ਇੱਕ ਦੂਜੇ ਨਾਲ ਇਸ ਤਰ੍ਹਾਂ ਰਲਗਡ ਹੋ ਗਏ ਹਨ ਕਿ ਇਨ੍ਹਾਂ ਨੂੰ ਵੱਖ ਕਰਕੇ ਵੇਖਣਾ ਸੰਭਵ ਨਹੀ।ਅਖਬਾਰ ਨੂੰ ਇੰਟਰਨੈਟ ਰਾਹੀਂ ਕੰਪਿਊਟਰ 'ਤੇ ਪੜ੍ਹਿਆ ਜਾ ਸਕਦਾ ਹੈ ਅਤੇ ਰੇਡਿਓ, ਟੀ.ਵੀ. ਅਤੇ ਫਿਲਮ ਨੂੰ ਨਾ ਸਿਰਫ ਕੰਪਿਊਟਰ ਤੇ ਵੇਖਿਆ ਜਾ ਸਕਦਾ ਹੈ ਸਗੋਂ ਮੋਬਾਇਲ 'ਤੇ ਵੀ ਅਜਿਹੀ ਸੁਵਿਧਾ ਉਪਲੱਬਧ ਹੋ ਚੁੱਕੀ ਹੈ।

**ਵਿਸ਼ਵੀਕਰਨ ਤੇ ਸੱਭਿਆਚਾਰ** – ਸੰਚਾਰ ਸਾਧਨਾਂ ਦੇ ਤਕਨੀਕੀ ਵਿਕਾਸ ਨੇ ਸੱਚਮੁੱਚ ਹੀ ਇਸ ਦੁਨੀਆਂ ਨੂੰ ਸੰਸਾਰਕ ਪਿੰਡ (ਗਲੋਬਲ ਵਿਲੇਜ਼) ਬਣਾ ਕੇ ਰੱਖ ਦਿੱਤਾ ਹੈ।ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਕ੍ਰਿਆਸ਼ੀਲ ਬਣਾਉਣ ਲਈ ਸੰਚਾਰ ਸਾਧਨ ਮਹੱਤਵਪੂਰਨ ਜ਼ਰੀਆ ਹਨ। ਵਿਸ਼ਵੀਕਰਨ ਨੇ ਅੱਗੇ ਸੰਸਾਰ ਨੂੰ 'ਖੁੱਲੀ ਮੰਡੀ' ਦਾ ਸੰਕਲਪ ਦਿੱਤਾ ਅਤੇ ਉਪਭੋਗਤਾਵਾਦ ਦਾ ਬੋਲਬਾਲਾ ਹੋ ਗਿਆ। ਵਿਸ਼ਵੀਕਰਨ ਵਿੱਚ ਕੋਈ ਸੱਭਿਆਚਾਰ ਕੇਵਲ ਆਪਣੀ ਸਪੇਸ ਅਤੇ ਆਪਣੇ ਕਾਲ ਤੱਕ ਸੀਮਿਤ ਨਾ ਰਹਿਣ ਕਾਰਨ ਸ਼ੁੱਧ ਨਹੀ ਰਿਹਾ। ਇਹ ਅਸ਼ੁੱਧਤਾ ਹੀ ਵਿਸ਼ਵੀਕ੍ਰਿਤ, ਸੱਭਿਆਚਾਰਾਂ ਦੀ ਮੁੱਖ ਵਿਸ਼ੇਸ਼ਤਾ ਹੈ।
ਸੰਚਾਰ ਦਾ ਮੁੱਖ ਸੋਮਾ ਸ਼ਬਦ ਹਨ ਜੋ ਸ੍ਰਵਣੀ, ਦਰਸ਼ਨੀ ਅਤੇ ਸ੍ਰਵਣੀ ਦਰਸ਼ਨੀ ਤਿੰਨਾਂ ਮਾਧਿਅਮਾਂ ਰਾਹੀਂ ਪ੍ਰਗਟਾਏ ਜਾਂਦੇ ਹਨ। ਸੀਮਾ ਨੂੰ ਧਿਆਨ ਵਿੱਚ ਰੱਖਦਿਆਂ ਸਾਡੇ ਹਥਲੇ ਪੇਪਰ ਦਾ ਵਿਸ਼ਾ ਇਸ ਤੱਥ ਦੀ ਪੜ੍ਹਚੋਲ ਕਰਨਾ ਹੈ ਕਿ ਅਜੋਕੇ ਮੀਡੀਆ ਦਾ ਪੰਜਾਬੀ ਭਾਸ਼ਾ 'ਤੇ ਕੀ ਪ੍ਰਭਾਵ ਪੈ ਰਿਹਾ ਹੈ? ਜਾਂ ਅਜੋਕਾ ਮੀਡੀਆ ਸਿੱਧੇ-ਅਸਿੱਧੇ ਡੰਗ ਨਾਲ ਪੰਜਾਬੀ ਭਾਸ਼ਾ 'ਤੇ ਕੀ ਪ੍ਰਭਾਵ ਪਾ ਰਿਹਾ ਹੈ?

**ਭਾਸ਼ਾ ਦੇ ਰੂਪ** - ਕਿਸੇ ਵੀ ਭਾਸ਼ਾ ਦੀ ਪਛਾਣ ਲਈ ਉਸ ਦੇ ਚਾਰ ਰੂਪ ਵੇਖੇ ਜਾ ਸਕਦੇ ਹਨ :-

1. ਬੋਲੀ ਜਾਣ ਵਾਲੀ ਭਾਸ਼ਾ
2. ਪੜ੍ਹੀ ਜਾਣ ਵਾਲੀ ਭਾਸ਼ਾ
3. ਲਿਖੀ ਜਾਣ ਵਾਲੀ ਭਾਸ਼ਾ
4. ਸੁਣੀ ਜਾਣ ਵਾਲੀ ਭਾਸ਼ਾ

ਭਾਸ਼ਾ ਕੇਵਲ ਵਿਚਾਰ ਪ੍ਰਗਟਾਵੇ ਦਾ ਮਾਧਿਅਮ ਨਹੀਂ ਹੁੰਦੀ, ਇਹ ਕਿਸੇ ਵਿਸ਼ੇਸ਼ ਸਭਿਆਚਾਰਕ ਸਮੂਹ ਦਾ ਸੋਚਣ, ਮਹਿਸੂਸਣ, ਚਿਤਵਣ ਅਤੇ ਸਿਰਜਣ ਦਾ ਸਭ ਤੋਂ ਵੱਧ ਬਲਸ਼ਾਲੀ ਸਰੋਤ ਹੁੰਦਾ ਹੈ। ਭਾਸ਼ਾ, ਸਾਹਿਤਿਕ ਸੱਭਿਆਚਾਰ ਅਤੇ ਬੋਧਾਤਮਕ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਅੰਗ ਹੈ। ਇਸ ਵਿੱਚ ਜੀਵਨ ਦੇ ਗਿਆਨਮੂਲਕ ਪਸਾਰਾਂ ਨੂੰ ਸੁਹਜਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਮਾਸ ਮੀਡੀਆ ਟੈਲੀਵਿਜ਼ਨ ਦੇ ਪ੍ਰਚਲਨ ਨਾਲ ਸਾਹਿਤਕ ਸੱਭਿਆਚਾਰ ਦੇ ਪ੍ਰਸਾਰ ਨੂੰ ਵਿਸ਼ੇਸ਼ ਪ੍ਰੋਤਸਾਹਨ ਮਿਲਿਆ ਹੈ। ਪੜ੍ਹੇ ਨਾਲੋਂ ਵੇਖੇ ਅਤੇ ਸੁਣੇ ਦਾ ਅਸਰ ਕਿਉਂਕਿ ਜ਼ਿਆਦਾ ਹੁੰਦਾ ਹੈ, ਇਸ ਲਈ ਟੈਲੀਵਿਜ਼ਨ ਰਾਹੀਂ ਰੂਪਾਂਤਰਿਤ ਹੋਇਆ ਸਾਹਿਤਕ ਕਿਰਤਾਂ ਦਾ ਪਾਠ ਵਧੇਰੇ ਪ੍ਰਭਾਵਕਾਰੀ ਪ੍ਰਯੋਜਨ ਸਿੱਧ ਕਰਦਾ ਹੈ। ਨਾਨਕ ਸਿੰਘ ਦਾ ਨਾਵਲ ' ਚਿੱਟਾ ਲਹੂ' ਦਲੀਪ ਕੌਰ ਟਿਵਾਣਾ ਦਾ ਨਾਵਲ 'ਏਹੁ ਹਮਾਰਾ ਜੀਵਣਾ', ਗੁਰਦਿਆਲ ਸਿੰਘ ਦਾ ਨਾਵਲ 'ਪਰਸਾ' ਪੁਸਤਕ ਰੂਪ ਵਿੱਚ ਸੀਮਤ ਪਾਠਕਾਂ ਨੇ ਹੀ ਪੜ੍ਹੇ ਸਨ, ਪਰ ਜਦੋਂ ਇਨ੍ਹਾਂ ਰਚਨਾਵਾਂ ਨੂੰ ਟੈਲੀਵਿਜ਼ਨ ਦੇ ਮਾਧਿਮ ਰਾਹੀਂ ਪ੍ਰਸਾਰਿਤ ਕੀਤਾ ਗਿਆ ਤਾਂ ਇਨ੍ਹਾਂ ਦਾ ਸਬੰਧ ਲੋਕਾਂ ਦੇ ਇੱਕ ਵੱਡੇ ਜਨ-ਸਮੂਹ ਨਾਲ ਜੁੜਿਆ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਸਾਹਿਤਕ ਸੱਭਿਆਚਾਰ ਦੀ ਪੇਸ਼ਕਾਰੀ ਸਮੇਂ ਇਸਦੇ ਤੱਤ ਅਤੇ ਪ੍ਰਭਾਵ ਉੱਪਰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਆਰ. ਕੇ. ਚੈਟਰਜੀ ਟੈਲੀਵਿਜ਼ਨ ਉਪਰ ਮਨਫੀ ਕਦਰਾਂ-ਕੀਮਤਾਂ ਵਾਲੀ ਪੇਸ਼ਕਾਰੀ ਬਾਰੇ ਸੁਚੇਤ ਕਰਦਾ ਹੋਇਆ ਲਿਖਦਾ ਹੈ ਕਿ ਟੈਲੀਵਿਜ਼ਨ ਦਾ ਅਜਿਹਾ ਪ੍ਰੋਗਰਾਮ ਜ਼ੁਰਮ, ਹਿੰਸਾ ਅਤੇ ਸੈਕਸ ਦੀ ਖੁੱਲ੍ਹੀ ਪੇਸ਼ਕਾਰੀ ਰਾਹੀਂ ਜਨ ਸਮੂਹ ਦੇ ਜੀਵਨ ਨੂੰ ਭ੍ਰਿਸ਼ਟ ਬਣਾਉਂਦਾ ਹੈ। ਇਹ ਉਨ੍ਹਾਂ ਦੇ ਵਿਅਕਤਿਤਵ ਦੇ ਅਸੰਤੁਲਿਤ ਵਿਕਾਸ ਵਿੱਚ ਵਾਧਾ ਪੈਦਾ ਕਰਦਾ ਹੈ।

**ਭਾਸ਼ਾ ਤੇ ਲਿੱਪੀ -** ਭਾਸ਼ਾ ਤੇ ਲਿੱਪੀ ਦਾ ਵੀ ਅਟੁੱਟ ਰਿਸ਼ਤਾ ਹੁੰਦਾ ਹੈ। ਭਾਰਤੀ ਪੰਜਾਬ ਵਿੱਚ ਪੰਜਾਬੀ ਨੂੰ ਗੁਰਮੁੱਖੀ, ਪਾਕਿਸਤਾਨ ਵਿੱਚ ਸ਼ਾਹਮੁੱਖੀ ਅਤੇ ਅਜੋਕੇ ਇੰਟਰਨੈਟ ਜਾਂ ਮੋਬਾਇਲਾਂ ਤੇ ਸੰਦੇਸ਼ ਭੇਜਣ ਸਮੇਂ ਪੰਜਾਬੀ ਲਈ ਰੋਮਨ ਲਿੱਪੀ ਦਾ ਪ੍ਰਯੋਗ ਵੀ ਕੀਤਾ ਜਾਣ ਲੱਗ ਪਿਆ ਹੈ। ਪੱਛਮੀ ਦੇਸ਼ਾਂ ਵਿੱਚ ਵਸਦੇ ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੀ ਉਚਾਰਨ ਪੱਖੋਂ ਠੇਠਤਾ ਘੱਟ ਰਹੀ ਹੈ। ਪੰਜਾਬੀ ਵਿੱਚ ਕੁਝ ਧੁਨੀਆਂ ਸੁਰਾਤਮਕ ਹਨ ਜਿਵੇਂ ਘ, ਝ, ਢ, ਧ ਅਤੇ ਭ ਇਨ੍ਹਾਂ ਦੇ ਉਚਾਰਨ ਵਿੱਚ ਵਿਦੇਸ਼ਾਂ ਵਿੱਚ ਵਸਦੇ ਨੌਜਵਾਨਾਂ ਨੂੰ ਸਮੱਸਿਆ ਪੇਸ਼ ਆਉਂਦੀ ਹੈ ਅਤੇ ਉਹ ਞ ,ঙ, ਣ, ੜ ਆਦਿ ਧੁਨੀਆਂ ਦਾ ਉਚਾਰਣ ਵੀ ਪੂਰਾ ਸਹੀ ਨਹੀ ਕਰ ਪਾਉਂਦੇ। ਘੋਸ਼ ਅਲਪ-ਪ੍ਰਾਣ ਧੁਨੀ 'ਛ' ਦੀ ਥਾਂ 'ਸ' ਪੈਰੀਂ ਬਿੰਦੀ ਪਾ ਕੇ 'ਸ਼' ਧੁਨੀ ਨਾਲ ਸਾਰ ਲਿਆ ਜਾਂਦਾ ਹੈ। ਜਿਸ ਕਾਰਨ 'ਛ' ਧੁਨੀ ਵੀ ਲਗਭਗ ਆਪਣੀ ਹੋਂਦ ਗਵਾਉਣ ਦੇ ਲਾਗੇ-ਚਾਗੇ ਹੀ ਪ੍ਰਤੀਤ ਹੋ ਰਹੀ ਹੈ। ਇਸੇ ਤਰ੍ਹਾਂ 'ਦੁੱਧ' ਸ਼ਬਦ ਦਾ ਉਚਾਰਣ ਅਤੇ ਲੇਖਣ 'ਦੁੱਦ' ਵਾਂਗ ਹੋ ਰਿਹਾ ਹੈ। ਭਾਵੇਂ ਕਿ ਮੀਡੀਆ ਦਾ ਸਾਰਥਿਕ ਉਪਯੋਗ ਕਰਦਿਆਂ ਬੱਚਿਆਂ ਨੂੰ ਇਹਨਾਂ ਦੇ ਸਹੀ ਉਚਾਰਨ ਬਾਰੇ ਜਾਗਰੂਕ

ਕਰਨ ਲਈ ਕੁਝ ਪਰਵਾਸੀਆਂ ਵੱਲੋਂ ਆਪਣੇ ਚੈਨਲਾਂ ( ਦਿਲਬਾਗ ਸਿੰਘ ਧਾਲੀਵਾਲ ਕੈਨੇਡਾ, ਪ੍ਰੋਗਰਾਮ ' ਲੱਲਾ ਲੱਲਾ ਲਿੱਪੀ') ਰਾਹੀਂ ਢੁਕਵੇਂ ਉਪਰਾਲੇ ਵੀ ਕਤਿੇ ਜਾ ਰਹੇ ਹਨ।

**ਅਖਬਾਰਾਂ ਅਤੇ ਟੀ.ਵੀ. ਦਾ ਭਾਸ਼ਾ ਤੇ ਪ੍ਰਭਾਵ -** ਅਖਬਾਰਾਂ ਅਤੇ ਟੀ.ਵੀ. ਉੱਪਰ ਆਉਂਦੇ ਇਸ਼ਤਿਹਾਰਾਂ ਵਿੱਚ ਵੀ ਪੰਜਾਬੀ ਸ਼ਬਦ-ਜੋੜਾਂ ਤੇ ਲਗਾਂ-ਮਾਤਰਾਂ ਦੀਆਂ ਗਲਤੀਆਂ ਦੀ ਭਰਮਾਰ ਦੇਖਣ ਨੂੰ ਮਿਲ ਜਾਂਦੀ ਹੈ। ਸਿਹਾਰੀ ਦੀ ਜਗ੍ਹਾ ਬਿਹਾਰੀ ਦੀ ਵਰਤੋਂ, ਦੁਲੈਂਕੜ ਦੀ ਜਗ੍ਹਾ ਔਂਕੜ ਦੀ ਵਰਤੋਂ ਤੇ ਕਨੌੜੇ ਦੀ ਜਗ੍ਹਾ ਹੋੜੇ ਦੀ ਗਲਤ ਵਰਤੋਂ ਅਕਸਰ ਦੇਖਣ ਨੂੰ ਮਿਲਦੀ ਹੈ। ਜਿਵੇਂ :- ਰੱਬ ਨੇ ਬਣਾਇਆਂ (ਬਣਾਈਆਂ) ਜੋੜੀਆਂ, ' ਸਾਡੀ ਗੱਲ ਸਬ (ਸਭ) ਤੋਂ ਅੱਗੇ', ਇੱਥੇ ਸੂਟਾਂ ਤੇ ਘੜਾਈ (ਕਢਾਈ) ਕੀਤੀ ਜਾਂਦੀ ਹੈ, ਕੋਲੀ (ਕੌਲੀ). ਪੋੜੀ(ਪੌੜੀ), ਚੋਲ(ਚੌਲ) ਆਦਿ।

**ਇੰਟਰਨੈਟ ਦਾ ਪ੍ਰਭਾਵ -** ਹੁਣ ਗੱਲ ਕਰੀਏ ਮੋਬਾਇਲ/ਇੰਟਰਨੈਟ (ਫੇਸ਼ਬੁੱਕ, ਵਟਸਐੱਪ, ਸੋਸ਼ਲ ਮੀਡੀਆ) ਸਮੇਂ ਮਾਂ-ਬੋਲੀ ਵਿੱਚ ਮਿਲਾਵਟ ਦੀ। ਛੋਟੇ-ਛੋਟੇ ਪੰਜਾਬੀ ਸ਼ਬਦ ਅਲੋਪ ਹੋ ਰਹੇ ਹਨ ਜਿਵੇਂ ਸਤਿ ਸ੍ਰੀ ਅਕਾਲ, ਮੁਆਫ ਕਰਨਾ, ਧੰਨਵਾਦ, ਭਰਾ ਅਤੇ ਭੈਣ ਆਦਿ ਸ਼ਬਦਾਂ ਦੀ ਥਾਂ ਅੰਗਰੇਜ਼ੀ ਦੇ ਗੁੱਡ ਮਾਰਨਿੰਗ, ਗੁੱਡ ਈਵਨਿੰਗ, ਸੌਰੀ, ਥੈਂਕਯੂ, ਬਰੋ, ਸਿਸ ਆਦਿ ਸ਼ਬਦਾਂ ਦੀ ਵਰਤੋਂ ਆਮ ਪ੍ਰਚਿਲਤ ਹੋ ਚੁੱਕੀ ਹੈ। ਕਿਸੇ ਭਾਸ਼ਾ ਵਿੱਚ ਸ਼ਬਦਾਂ ਦੇ ਸ਼ਾਮਿਲ ਹੋਣ ਪਿੱਛੇ ਇੱਕ ਸਿਧਾਂਤ ਕੰਮ ਕਰਦਾ ਹੈ।

**ਦੂਜੀਆਂ ਭਾਸ਼ਾਵਾਂ ਦਾ ਪ੍ਰਭਾਵ -** ਕੁਝ ਸ਼ਬਦ ਦੂਜੀ ਭਾਸ਼ਾ ਵਿੱਚੋਂ ਸਿੱਧੇ ਰੂਪ ਵਿੱਚ ਅਪਣਾ ਲਏ ਜਾਂਦੇ ਹਨ, ਜਿਵੇਂ : ਬੱਸ, ਕਾਰ, ਰੇਲਵੇ ਸਟੇਸ਼ਨ, ਕੰਪਿਊਟਰ, ਰੇਡੀਓ ਆਦਿ।ਕੁਝ ਸ਼ਬਦ ਜਿਹੜੇ ਪੰਜਾਬੀ ਭਾਸ਼ਾ ਦੀ ਧੁਨੀ-ਵਿਉਂਤ ਵਿੱਚ ਫਿੱਟ ਨਹੀ ਹੁੰਦੇ, ਉਨ੍ਹਾਂ ਦਾ ਤਦਭਵੀਕਰਨ ਕਰ ਲਿਆ ਜਾਂਦਾ ਹੈ, ਜਿਵੇਂ : ਹਾਸਪੀਟਲ ਨੂੰ ਹਸਪਤਾਲ, ਸੁਪਰਿਨਟੈਂਡੈਂਟ ਨੂੰ ਸੁਪਰਡੈਂਟ, ਬਾਈਸਾਈਕਲ ਨੂੰ ਸੈਕਲ ਬਣਾ ਲਿਆ ਗਿਆ। ਇਹ ਸਭ ਭਾਸ਼ਾ ਦੇ ਵਿਕਾਸ ਦਾ ਹੀ ਸਿੱਟਾ ਹੈ ਪਰ ਅਜੋਕੇ ਸਮੇਂ ਪੰਜਾਬੀ ਭਾਸ਼ਾ ਨੂੰ ਕੁਝ ਵੱਖਰੀ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚੋਂ ਬਹੁਤੀਆਂ ਮੀਡੀਆ ਦੀਆਂ ਸਹੇੜੀਆਂ ਹੋਈਆਂ ਹਨ।ਪੁਰਾਣੀ ਪੰਜਾਬੀ ਪੀੜ੍ਹੀ ਕੋਲ ਭਾਵੇਂ ਅਜੇ ਵੀ ਅਮੀਰ ਸ਼ਬਦ ਭੰਡਾਰ ਮੌਜੂਦ ਹੈ ਪਰ ਅੱਜ ਦੇ ਨੌਜਵਾਨ ਗਾਇਕਾਂ, ਗੀਤਕਾਰਾਂ ਅਤੇ ਟੀ.ਵੀ. ਚੈਨਲਾਂ ਦੇ ਨਿਰਦੇਸ਼ਕਾਂ ਕੋਲੋਂ ਤ ਾਂਪੰਜਾਬੀ ਸ਼ਬਦ ਜਿਵੇਂ ਮੁੱਕਦੇ ਹੀ ਜਾ ਰਹੇ ਹਨ।

ਪੰਜਾਬੀ ਭਾਸ਼ਾ ਵਿੱਚ ਰੂਪਾਤਮਕ ਪੱਖੋਂ ਅੰਗਰੇਜ਼ੀ ਹਿੰਦੀ ਸ਼ਬਦਾਂ ਤੇ ਸ਼ਬਦ ਬਣਤਰਾਂ ਦੀ ਆਮਦ ਚਿੰਤਾ ਦਾ ਵਿਸ਼ਾ ਹੈ। ਨਿਰਸੰਦੇਹ ਹਰ ਭਾਸ਼ਾ ਵਿੱਚ ਵਿਕਾਸ ਕਾਰਨ ਅਜਿਹੀ ਆਮਦ ਲਾਜ਼ਮੀ ਹੁੰਦੀ ਹੈ, ਜਿਸਨੂੰ ਕਲੋਗ ਦੇ ਹਵਾਲੇ ਨਾਲ ਓਅੰਕਾਰ ਨਾਥ ਕੌਲ ਸਾਮਗਰੀ ਯੋਜਨਾਬੰਧੀ ਦਾ ਨਾਂ ਦਿੰਦੇ ਹਨ।ਕੌਲ ਅਨੁਸਾਰ " ਸਾਮਗਰੀ ਯੋਜਨਾਬੰਦੀ ਵਿੱਚ ਨਵੇਂ ਤਕਨੀਕੀ ਸ਼ਬਦਾਂ, ਸ਼ਬਦ-ਜੋੜ ਸੁਧਾਰਾਂ, ਇੱਕ ਨਵੀਂ ਲਿੱਪੀ ਜਾਂ ਰੂਪ ਵਿਗਿਆਨਕ ਪਰਿਵਰਤਨਾਂ ਦੁਆਰਾ ਭਾਸ਼ਾ ਦਾ ਰੂਪ ਬਦਲਿਆ ਜਾਂਦਾ ਹੈ।"

ਪਰ ਅਜੋਕੇ ਸਮੇਂ ਪੰਜਾਬੀ ਭਾਸ਼ਾ ਦੇ ਸਾਹਿਤਕਾਰਾਂ ਅਤੇ ਅਲੋਚਕਾਂ ਦੀਆਂ ਕਿਰਤਾਂ ਵਿੱਚ ਭਾਸ਼ਾ ਦਾ ਅਤਿ ਗੁੰਝਲਦਾਰ ਰੂਪ ਸਾਹਮਣੇ ਆ ਰਿਹਾ ਹੈ।ਜਿਸ ਵਿੱਚ ਲੰਮੇਰੀ ਵਾਕ ਬਣਤਰ, ਕਠੋਰ, ਅਲੰਕਕਾਰ ਅਤੇ ਆਲੋਚਨਾਤਮਕ ਸ਼ਬਦਾਵਲੀ ਆਦਿ ਪ੍ਰਮੁੱਖ ਹਨ। ਪੰਜਾਬੀ ਭਾਸ਼ਾ ਦੀ ਉਪਰੋਕਤ ਵਰਤੋਂ ਦੀ ਉਦਾਹਰਨ ਵਜੋਂ ਭਾਸ਼ਾ ਵਿਗਿਆਨੀ ਬੂਟਾ ਸਿੰਘ ਬਰਾੜ ਦੀਆਂ ਨਿਮਨਲਿਖਤ ਸਤਰਾਂ ਦੇਖ ਸਕਦੇ ਹਾਂ :

> "ਭਾਸ਼ਾ ਦੀ ਸਿਆਸੀ ਸ਼ਰਾਰਤ ਅਤੇ ਮਜ਼ਹਬੀ ਹਰਾਰਤ ਕਾਰਨ
> ਪੰਜਾਬੀ ਮੂਲ ਦੇ ਪੰਜਾਬੀ ਦੀਆਂ ਉਪਭਾਸ਼ਾਵਾਂ ਨੂੰ ਹਕਾਰਤ ਦੀ ਨਜ਼ਰ
> ਨਾਲ ਵੇਖਦੇ ਆ ਰਹੇ ਹਨ। ਇਹ ਸਾਡੀ ਹਿਮਾਕਤ ਹੈ।"

ਪੰਜਾਬੀ ਭਾਸ਼ਾ ਦੇ ਉਪਰੋਕਤ ਰੂਪ ਨਾਲ ਮਿਲਦਾ ਜੁਲਦਾ ਵਕ੍ਰੋਕਤੀ ਪ੍ਰਧਾਨ ਰੂਪ ਪੰਜਾਬੀ ਅਖਬਾਰਾਂ ਦੀ ਸੰਪਾਦਕੀ ਵਿੱਚ ਤੇ ਇਸ ਨਾਲੋਂ ਵੀ ਗੁੰਝਲਦਾਰ ਰੂਪ ਪੰਜਾਬੀ ਆਲੋਚਨਾਤਮਕ ਪੁਸਤਕਾਂ ਵਿੱਚ ਦੇਖਣ ਨੂੰ ਮਿਲ ਜਾਂਦਾ ਹੈ।

ਅੱਜ ਦਾ ਬਹੁਤਾ ਮੀਡੀਆ (ਇਲੈਕਟ੍ਰੋਨਿਕ) ਕੁਸ਼ਲ ਨਿਰਦੇਸ਼ਕਾਂ ਦੁਆਰਾ ਨਹੀਂ ਚਲਾਇਆ ਜਾ ਰਿਹਾ ਸਗੋਂ ਇਸ ਨੂੰ ਬਾਜ਼ਾਰ (ਮੰਡੀ) ਚਲਾ ਰਿਹਾ ਹੈ। ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੁਆਰਾ ਆਪਣੀਆਂ ਵਸਤਾਂ ਨੂੰ ਬਾਜ਼ਾਰ/ਮੰਡੀ ਵਿੱਚ ਵੇਚਣ ਲਈ ਮੀਡੀਏ ਉੱਤੇ ਕੰਟਰੋਲ ਕਰਕੇ ਮੀਡੀਏ ਰਾਹੀਂ ਇੱਕ ਅਜਿਹਾ ਭ੍ਰਾਂਤੀ ਮੂਲਕ ਸੱਚ ਪੇਸ਼ ਕੀਤਾ ਜਾ ਰਿਹਾ ਹੈ ਜਿਸ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਹੈ। ਮਲਟੀਨੈਸ਼ਨਲ ਕੰਪਨੀਆਂ ਤੀਸਰੀ ਦੁਨੀਆਂ ਦੇ ਗਰੀਬ ਮੁਲਕਾਂ ਦੀਆਂ ਭਾਸ਼ਾਈ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝ ਕੇ ਇੱਕ ਨਵਾਂ ਗਲੋਬਲੀ ਸੱਭਿਆਚਾਰ ਸਥਾਪਤ ਕਰ ਰਹੀਆਂ ਹਨ। ਗਲੋਬਲੀ ਸੱਭਿਆਚਾਰ ਦੀ ਆੜ ਵਿੱਚ ਹੀ ਇਹ ਕੰਪਨੀਆਂ ਆਪਣਾ ਮੂਲ ਮਕਸਦ ਪੂਰਾ ਕਰ ਰਹੀਆਂ ਹਨ ਜਿਸ ਦਾ ਖਾਸਾ ਸਿਰਫ ਪੈਸਾ ਕਮਾਉਣਾ ਹੀ ਹੈ।

ਪੰਜਾਬੀ ਭਾਸ਼ਾ ਦੀ ਅਮੀਰ ਵਿਰਾਸਤ ਕਵੀਸ਼ਰੀ, ਢੱਡ ਸਾਰੰਗੀ ਦੇ ਗਾਉਣ, ਰਾਸਾਂ, ਨਚਾਰਾਂ ਦੇ ਜਲਸੇ ਅਤੇ ਨਕਲਾਂ ਆਦਿ ਨੂੰ ਅਜੋਕਾ ਮੀਡੀਆ ਵਿਸਾਰ ਹੀ ਚੁੱਕਾ ਹੈ ਜਾਂ ਕਹਿ ਲ ਓਕਿ ਇਸ ਸਭ ਹੁਣ ਸੱਭਿਆਚਾਰਕ ਪ੍ਰੋਗਰਾਮਾਂ ਜਾਂ ਕਾਲਜ-ਯੂਨੀਵਰਸਿਟੀਆਂ ਦੇ ਯੂਥ-ਫੈਸਟੀਵਲਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਵੀਡੀਓ ਫਿਲਮਾਂਕਨ, ਡੀ.ਜੇ. ਅਤੇ ਸੀ.ਡੀ. ਕਲਚਰ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕ ਗੀਤਾਂ ਨੂੰ ਕਾਫੀ ਹੱਦ ਤੱਕ ਹਾਸ਼ੀਏ ‘ਤੇ ਧੱਕ ਦਿੱਤਾ ਹੈ।

**ਆਧੁਨਿਕ ਗੀਤਾਂ ਦਾ ਪ੍ਰਭਾਵ** – ਪੰਜਾਬੀ ਭਾਸ਼ਾ ਦੇ ਦੂਹਰੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦਾਵਲੀ ਵਾਲੇ ਗੀਤ ਭਰਵੀਂ ਮਾਤਰਾ ‘ਚ ਗਾਏ ਵਜਾਏ ਜਾਂਦੇ ਹਨ :

“ਮਰ ਜਾਣੀ ਪਾਉਂਦੀ ਭੰਗੜਾ, ਅੰਗਰੇਜ਼ੀ ਬੀਟ ਤੇ _ _ _ _ ।“

“ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ _ _ _ _ ।“

ਬੱਚੇ ਦੇ ਜਨਮ ਤੋਂ ਲੈ ਕੇ ਮਰਨ ਤੱਕ ਸਾਰੀ ਜ਼ਿੰਦਗੀ ਦੀਆਂ ਜਨਮ, ਵਿਆਹ ਤੇ ਮੌਤ ਸਬੰਧੀ ਰਸਮਾਂ-ਰੀਤਾਂ, ਲੋਕ-ਸਾਹਿਤ, ਜਿਸ ਵਿੱਚ ਲੋਕ-ਗੀਤ, ਲੋਕ-ਬੋਲੀਆਂ, ਬੁਝਾਰਤਾਂ, ਕਥਾ-ਕਹਾਣੀਆਂ ਦੇ ਨਾਲ-ਨਾਲ ਵਿਸ਼ਸ਼ਟ ਸਾਹਿਤ ਦੇ ਸਾਹਿਤ-ਰੂਪ ਸਾਡੇ ਖਾਸ ਚਿੰਨ੍ਹ ਹਨ। ਟੀ.ਵੀ. ਚੈਨਲਾਂ ਦੀ ਆਪਣੀ ਇੱਕ ਖਾਸ ਭਾਸ਼ਾ ਹੁੰਦੀ ਹੈ ਤੇ ਹਰ ਭਾਸ਼ਾ ਦੀ ਪੇਸ਼ਕਾਰੀ ਲਈ ਵੱਖਰੀ ਵਿਆਕਰਨ। ਇਨ੍ਹਾਂ ਦਾ ਸਿੱਧਾ ਸਬੰਧ ਇਸ਼ਤਿਹਾਰਬਾਜ਼ੀ ਕਰਕੇ ਤੇਜ਼-ਤਰਾਰ, ਚੁਸਤ ਅਤੇ ਫੁਰਤੀਲੀ ਭਾਸ਼ਾ ਨਾਲ ਦਰਸ਼ਕਾਂ ਅੱਗੇ ਆਪਣੇ ਆਪ ਨੂੰ ਹੋਰ ਤੇ ਫਿਰ ਹੋਰ ਜ਼ਿਆਦਾ ਪ੍ਰਭਾਵਸ਼ਾਲੀ ਦਿਖਾਉਣਾ ਹੁੰਦਾ ਹੈ ਜੋ ਦਰਸ਼ਕਾਂ ਦੇ ਧਿਆਨ ਨੂੰ ਹੀ ਨਹੀਂ ਸਗੋਂ ਅੱਖਾਂ ਅਤੇ ਮਨ ਦੀ ਥਾਲ ਵਿੱਚ ਪਏ ਹੋਏ ਪਾਣੀ ਵਾਂਗ ਡੋਲਦੀ ਸਥਿਤੀ ਵਿੱਚ ਸੁਨਾਮੀ ਲਿਆ ਦਿੰਦਾ ਹੈ। ਮੇਲਿਆਂ ਅਤੇ ਤਿਉਹਾਰਾਂ ਬਾਰੇ ਪ੍ਰੋਗਰਾਮ ਵੇਖਦਿਆਂ ਇਹ ਵੀ ਅਕਸਰ ਮਹਿਸੂਸ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦੇ ਇਹਨਾਂ ਕੁੰਭ ਅਖਾੜਿਆਂ ਨੂੰ ਇੱਕ ਸਟੇਜੀ ਅਖਾੜੇ ਦੀ ਵਲਗਣ ਵਿੱਚ ਕੈਦ ਕਰ ਦਿੱਤਾ ਗਿਆ ਹੈ। ਇਹ ਪ੍ਰਸਾਰਿਤ ਕਰਨਾ ਜ਼ਰੂਰੀ ਨਹੀਂ ਸਮਝਿਆ ਜਾਂਦਾ ਕਿ ਇਹਨਾਂ ਦੀ ਇਤਿਹਾਸਕਤਾ ਤੇ ਅਸਲੀਪਣ ਕੀ ਅਤੇ ਕਿਹੋ ਜਿਹਾ ਹੈ? ਪ੍ਰਸਾਰਿਤ ਹੋ ਰਹੇ ਪ੍ਰੋਗਰਾਮ ਕੇਵਲ ਗਾਇਕਾਂ ਦੀ ਪੇਸ਼ਕਾਰੀ ਲਈ ਹੀ ਵਚਨਬੱਧ ਪ੍ਰਤੀਤ ਹੁੰਦੇ ਹਨ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਦੇ ਵਿਕਾਸ ਲਈ ਨਹੀਂ। ਇਹੋ ਜਿਹੇ ਕਈ ਕਾਰਨ ਹਨ ਜਿੰਨ੍ਹਾਂ ਕਰਕੇ ਪੰਜਾਬੀ ਭਾਸ਼ਾ ਦੇ ਲੋਕ-ਗੀਤ ਕਿਧਰੇ-ਕਿਧਰੇ ਗੁਆਚੇ ਪ੍ਰਤੀਤ ਹੁੰਦੇ ਹਨ। ਕੋਝੀਆਂ ਸਾਜ਼ਿਸ਼ਾਂ ਤਹਿਤ ਹੀ ਪੰਜਾਬੀ ਬੋਲੀ ਦੇ ਸੁਹੱਪਣ ਤੇ ਮਿਠਾਸ ਨੂੰ ਢਾਅ ਲਾਅ ਕੇ ਪੰਜਾਬੀ ਜਵਾਨੀ ਨੂੰ ਸਿੱਧੇ-ਅਸਿੱਧੇ ਢੰਗ ਨਾਲ ਕੁਰਾਹੇ ਪਾਇਆ ਜਾ ਰਿਹਾ ਹੈ, ਤਾਂ ਹੀ ਅਜਿਹੇ ਗੀਤਾਂ ਦੀ ਸਿਰਜਨਾ ਤੇ ਪੇਸ਼ਕਾਰੀ ਹੋ ਰਹੀ ਹੈ :

“ਸਿਰ ਤੇ ਪੈਗ ਰੱਖ ਨੱਚਣਾ, ਯਾਰੋ ਸ਼ੌਕ ਪੰਜਾਬੀਆਂ ਦਾ _ _ _ _ ।“

“ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ _ _ _ _ ।“

“ਮਿੱਤਰਾਂ ਦੀ ਅੱਖ ਅੱਜ ਲਾਲ ਐ,
ਕੋਈ ਬੰਦਾ-ਬੁੰਦਾ ਮਾਰਨਾ ਤਾਂ ਦੱਸ ਨੀ _ _ _ _ ।“

“ਆਪਾਂ ਚੰਡੀਗੜ੍ਹ ਰੱਖਿਆ ਫਲੈਟ ਗੋਰੀਏ,
ਜਿੱਥੇ ਰਹਿੰਦੀ ਐ ਮੰਡੀਰ ਨਿੱਤ ਟੈਟ ਗੋਰੀਏ _ _ _ _ ।“

“ਯਾਰ ਤੇਰੇ ਨੇ ਗੱਡੀ ਲੈ ਲੀ ਟਰਿੱਪਲ ਜ਼ੀਰੋ ਵੰਨ,
ਵਿੱਚ ਪਜੈਰੋ ਦੇ ਰੱਖਲੀ ਦੇਸੀ ਗੰਨ _ _ _ _ ।“

ਪੰਜਾਬੀ ਭਾਸ਼ਾ ਵਿੱਚ ਰਚੇ ਇਨ੍ਹਾਂ ਹਿੰਸਾਵਾਦੀ ਗੀਤਾਂ ਨੇ ਪੰਜਾਬੀਆਂ ਨੂੰ ਪ੍ਰਭਵਿਤ ਕਰਨ ਦੇ ਨਾਲ-ਨਾਲ ਪੂਰੇ ਵਿਸ਼ਵ ਵਿੱਚ ਪੰਜਾਬੀਆਂ ਦੇ ਅਕਸ ਨੂੰ ਵਿਗਾੜ ਦਿੱਤਾ ਹੈ। ਹੈਰਾਨੀ ਹੁੰਦੀ ਹੈ ਕਿ ਜੋ ਪੰਜਾਬ ਗੁਰੂਆਂ ਦੇ ਨਾਂਅ 'ਤੇ ਵੱਸਦਾ ਸੀ ਉਸ ਨੂੰ ਮੀਡੀਆ ਨੇ ਫੋਕੀ ਸ਼ੋਹਰਤ ਤੇ ਮੁਨਾਫੇਖੋਰੀ ਲਈ ਕਿਸ ਪਾਸੇ ਤੋਰਨਾ ਸ਼ੁਰੂ ਕਰ ਦਿੱਤਾ ਹੈ। ਬੁੱਲ੍ਹੇ ਸ਼ਾਹ, ਹਾਸ਼ਮ, ਵਾਰਿਸ, ਦਮੋਦਰ, ਫਜ਼ਲ ਸ਼ਾਹ ਅਤੇ ਵਜ਼ੀਦ ਆਦਿ ਪੰਜਾਬੀ ਭਾਸ਼ਾ ਦੇ ਅਨੇਕਾਂ ਸਤਿਕਾਰਤ ਲੇਖਕਾਂ ਦੇ ਕਲਾਮ ਵਿੱਚੋਂ ਜਿਵੇਂ ਇਹਨਾਂ ਨੂੰ ਕੁਝ ਗਾਉਣ ਲਈ ਹੀ ਨਹੀ ਲੱਭਦਾ।

**ਨਿਸ਼ਕਰਸ਼ –** ਅਸੀਂ ਦੂਸਰਿਆਂ ਦੀ ਅੰਧਾਧੁੰਦ ਰੀਸ ਕਰਦੇ ਹੋਏ ਭੁੱਲ ਜਾਂਦੇ ਹਾਂ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਜਦ ਯੂਰਪ ਦੀਆਂ ਕੌਮਾਂ ਅਜੇ ਜੰਗਲੀ ਅਵਸਥਾ ਵਿੱਚ ਸਨ, ਪੰਜਾਬ ਅਤੇ ਸਿੰਧ ਪ੍ਰਦੇਸ਼ ਉਸ ਸਮੇਂ ਇੱਕ ਉਨੱਤ ਸੱਭਿਅਤਾ ਦੀਆਂ ਸਹੂਲਤਾਂ ਮਾਣ ਰਹੇ ਸਨ, ਜਿਹੜੀਆਂ ਕਈੋ ਗੱਲਾਂ ਵਿੱਚ ਮੈਸੋਪੋਟਾਮੀਆਂ ਤੇ ਮਿਸਰ ਦੀ ਸਮਕਾਲੀ ਸੱਭਿਅਤਾ ਨਾਲੋਂ ਮਹੱਤਵਪੂਰਨ ਸਨ। ਸਾਨੂੰ ਸੱਭਿਆਚਾਰ ਦੀਆਂ ਸਿਰਜਨੀ ਸੰਭਾਵਨਾਵਾਂ ਨੂੰ ਕਾਇਮ ਰੱਖਣ ਲਈ ਸੱਭਿਆਚਾਰ ਦੇ ਅੰਦਰਲੇ ਤੇ ਜਾਣੇ ਪੜਾਣੇ ਸੰਚਾਰ ਮਾਧਿਅਮ ਵਿੱਚ ਵੱਧਦੀ ਆਪ ਮੁਹਾਰੀ ਨਿਰੰਤਰਤਾ ਵੱਲ ਚੇਤੰਨ ਹੋਣ ਦੀ ਜ਼ਰੂਰਤ ਹੈ। ਨੌਜਵਾਨ ਵਰਗ ਨੂੰ ਵਿਰਸੇ ਦੀ ਪਛਾਣ ਤੇ ਸੰਭਾਲ ਪ੍ਰਤੀ ਜਾਗਰੂਕ ਕਰਨਾ ਜ਼ਰੂਰੀ ਹੈ। ਇੰਝ ਸੱਭਿਆਚਾਰ ਤੇ ਭਾਸ਼ਾ ਨੂੰ ਜਿੱਥੇ ਮਿਲਾਵਟ ਖੋਰੀ ਤੋਂ ਬਚਾਇਆ ਜਾ ਸਕੇਗਾ ਉੱਥੇ ਨਵੀਂ ਪੀੜ੍ਹੀ ਨੂੰ ਉਤਸਾਹਿਤ ਕਰਕੇ ਭਾਸ਼ਾ ਤੇ ਸ਼ਬਦ-ਜੋੜਾਂ ਦੇ ਠਕਿ ਮੁਹਾਂਦਰੇ ਦੀ ਸਹੀ ਪਹਿਚਾਣ ਕਰਵਾਉਣ ਨੂੰ ਬਲ ਮਿਲੇਗਾ। ਸਾਕਾਰਾਤਮਕ ਸੋਚ ਇਕੱਠੀ ਹੋਣ ਨਾਲ ਉਪਜੀ 'ਜਾਗ੍ਰਿਤੀ' ਨਾਲ ਪੰਜਾਬੀ ਭਾਸ਼ਾ ਨੂੰ ਮੰਡੀਕਰਨ ਤੋਂ ਬਚਾ ਕੇ ਨਰੋਏ ਰੂਪ ਦੀ ਸੰਭਾਲ ਹੋ ਸਕੇਗੀ। ਪੰਜਾਬੀਆਂ ਨੂੰ ਅਤੇ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਆਪਣੀ ਮਾਤ-ਭਾਸ਼ਾ ਨੂੰ ਆਦਰ ਸਤਿਕਾਰ ਦਿੰਦੇ ਹੋਏ ਆਪਣੇ ਸੱਭਿਆਚਾਰ ਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਕੇ ਪੰਜਾਬੀ ਸੱਭਿਆਚਾਰ ਨੂੰ ਅਮੀਰ ਬਨਾਉਣ। ਇਨ੍ਹਾਂ ਯਤਨਾਂ ਦੇ ਕਾਰਗਰ ਹੋਣ ਵਿੱਚ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਰੌਸ਼ਨ ਭਵਿੱਖ ਦੀ ਤਸਵੀਰ ਨਜ਼ਰ ਆਉਂਦੀ ਹੈ।

**ਹਵਾਲੇ**

1. ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਪੰਨਾ-36
2. ਡਾ. ਜਸਵਿੰਦਰ ਸਿੰਘ ਵਿਸ਼ਵੀਕਰਨ ਅਤੇ ਪੰਜਾਬੀ ਸੱਭਿਆਚਾਰਕ ਬਦਲਾਵ, ਆਲੋਚਨਾ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ, ਜਨਵਰੀ-ਮਾਰਚ 2009, ਪੰਨਾ-7
3. ਕੌਲ, ਓਅੰਕਾਰ ਨਾਥ, ਪੰਜਾਬੀ ਵਿੱਚ ਭਾਸ਼ਾ ਯੋਜਨਾ ਬੰਦੀ: ਦਸ਼ਾ ਤੇ ਪਰਿਖੇਪ, ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਸਮਕਾਲ ਅਤੇ ਭਵਿੱਖ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਡਾ. ਧਨਵੰਤ ਕੌਰ (ਸੰਪਾ.) 2010, ਪੰਨਾ-95
4. ਬਰਾਘ, ਬੂਟਾ ਸਿੰਘ, ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਸਮਕਾਲੀ ਦ੍ਰਿਸ਼ ਤੇ ਭਵਿੱਖ, ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ: ਸਮਕਾਲ ਅਤੇ ਭਵਿੱਖ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਡਾ. ਧਨਵੰਤ ਕੌਰ (ਸੰਪਾ.) 2010, ਪੰਨਾ-241
5. ਗਿਆਨੀ ਲਾਲ ਸਿੰਘ " ਮੁਖ ਬੰਦ" ਪੰਜਾਬੀ ਦਾ ਸੰਖੇਪ ਇਤਿਹਾਸ, ਦੁਆਰਾ ਉਧਰਿਤ।
6. ਡਾ. ਤਰਲੋਕ ਸਿੰਘ ਕੰਵਰ, ਸੰਚਾਰ ਸੱਭਿਆਚਾਰ, ਪੰਨਾ-3
7. ਅਮਰਜੀਤ ਕੌਰ (ਅਸਿਟੈਂਟ ਪ੍ਰੋਫੇਸਰ, ਪੰਜਾਬੀ)
8. ਬਾਬਾ ਕੁੰਦਨ ਸਿੰਘ ਕਾਲਜ ਮੁਹਾਰ (ਮੋਗਾ)